# ਸੁਖਵੰਤ ਕੌਰ ਮਾਨ ਦੀ ਕਹਾਣੀ 'ਜਿੱਤ' ਉਤੇ ਆਧਾਰਤ ਨਾਟਕ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਅੰਗਰੇਜ਼ ਨੇ ਹਿੰਦੋਸਤਾਨ 'ਤੇ 200 ਸਾਲ ਰਾਜ ਕੀਤਾ। ਹਿੰਦੋਸਤਾਨ ਦੀ ਪੂਰੀ ਤਰ੍ਹਾਂ ਲੁੱਟ ਕੀਤੀ। ਹਿੰਦੋਸਤਾਨ ਨੂੰ ਗਰੀਬ ਕੀਤਾ। ਵਲੈਤ ਦੇ ਖਜ਼ਾਨੇ ਭਰੇ। ਹਿੰਦੋਸਤਾਨ ਦੀ ਸੱਨਅਤ ਨੂੰ ਬਰਬਾਦ ਕੀਤਾ ਤਾਂ ਜੋ ਵਲੈਤ ਦੇ ਕਾਰਖਾਨਿਆਂ ਦਾਂ ਮਾਲ ਹਿੰਦੁਸਤਾਨ ਆ ਕੇ ਵਿਕੇ। ਹਿੰਦੋਸਤਾਨ ਦੇ ਕਾਰੀਗਰਾਂ ਦਾ ਉਜਾੜਾ ਕੀਤਾ। ਪਰ ਅੱਜ ਕਹਿ ਸਕਦੇ ਹਾਂ ਕਿ ਅੰਗਰੇਜ਼ ਨੇ ਹਿੰਦੋਸਤਾਨੀ ਕੌਮ ਦਾ ਜਿਹੜਾ ਸਭ ਤੋਂ ਵੱਡਾ ਨੁਕਸਾਨ ਕੀਤਾ ਉਹ 1947 ਵਿਚ ਹਿੰਦੋਸਤਾਨ ਦੀ ਵੰਡ ਹੈ। ਪੰਜਾਬ ਅਤੇ ਬੰਗਾਲ ਨੇ ਇਸ ਵੰਡ ਦਾ ਸੰਤਾਪ ਪੂਰੀ ਤਰ੍ਹਾਂ ਭੋਗਿਆ। ਪੰਜਾਬ ਵਾਲੇ ਹੁਣ ਤੱਕ ਭੋਗ ਰਹੇ ਹਨ। ਕਸ਼ਮੀਰ ਦਾ ਮਸਲਾ ਵੀ ਅੰਗਰੇਜ਼ ਦੀ ਦੇਣ ਹੈ। ਇਹ ਪਿਛਲੇ 53 ਸਾਲ ਤੋਂ ਪਾਕਿਸਤਾਨ ਅਤੇ ਹਿੰਦੋਸਤਾਨ ਲਈ ਲੜਾਈ ਅਤੇ ਆਪਸੀ ਨਫਰਤ ਦਾ ਕਾਰਨ ਹੈ। ਤਿੰਨ ਜੰਗਾਂ ਲੜੀਆਂ ਜਾ ਚੁੱਕੀਆਂ ਹਨ। ਕਦੀ ਕਾਰਗਿਲ ਦੀ ਲੜਾਈ ਅਤੇ ਕਦੀ ਅਗਵਾ ਕੀਤੇ ਜਹਾਜ਼ ਦੀ ਵਾਰਦਾਤ ਹੁੰਦੀ ਹੈ। ਨਫਰਤ ਦਾ ਤੂਫਾਨ ਉਠਦਾ ਹੈ। ਇਹ ਨਫਰਤ ਅਖਬਾਰਾਂ, ਰੇਡੀਓ, ਟੀ.ਵੀ. ਤੋਂ ਲੈ ਕੇ ਕ੍ਰਿਕਟ ਅਤੇ ਹਾਕੀ ਦੇ ਖੇਡ ਮੈਦਾਨ ਵਿਚ ਵੀ ਪੁੱਜ ਜਾਂਦੀ ਹੈ। ਇਹ ਨਫਰਤ ਦੋਨੋਂ ਮੁਲਕਾਂ ਨੂੰ ਤਬਾਹ ਕਰ ਰਹੀ ਹੈ. ਪਰ ਵਾਹਗਾ ਅਤੇ ਹੁਸੈਨੀਵਾਲਾ ਕਾਇਮ ਹਨ। ਦੋਨੋਂ ਪਾਸੇ ਦੇ ਸਾਹਿਤਕਾਰ ਇਸ ਬਾਰੇ ਫਿਕਰਮੰਦ ਹਨ। ਉਹ ਇਸ ਫਿਕਰ ਨੂੰ ਗੀਤਾਂ, ਕਹਾਣੀਆਂ, ਨਾਵਲਾਂ ਅਤੇ ਨਾਟਕਾਂ ਰਾਹੀਂ ਪੇਸ਼ ਕਰਦੇ ਹਨ। ਇਸੇ ਸਿਲਸਿਲੇ ਵਿਚ ਸੁਖਵੰਤ ਕੌਰ ਮਾਨ ਦੀ ਕਹਾਣੀ 'ਜਿੱਤ' ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਜਿਸ ਦਾ ਨਾਟਕੀ ਰੂਪ 'ਕਥਾ ਤਿੰਨ ਟਰੰਕਾਂ ਦੀ' ਲਿਖਣ ਦਾ ਮੈਨੂੰ ਮੌਕਾ ਮਿਲਿਆ ਹੈ।

ਦੋਨੋਂ ਪੰਜਾਬਾਂ ਦੀ ਜੋ ਸਭਿਆਚਾਰਕ ਸਾਂਝ ਹੈ, ਉਹਦੇ ਬਾਰੇ ਜੋ ਕਹਾਣੀਆਂ ਅਤੇ ਨਾਵਲ ਲਿਖੇ ਗਏ ਉਨ੍ਹਾਂ ਦੇ ਜੋ ਨਾਟਕੀ ਰੂਪ ਆਏ ਹਨ, ਉਨ੍ਹਾਂ ਵਿਚ ਸਾਅਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਦਾ ਨਾਟਕੀ ਰੂਪ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ?' ਆਤਮਜੀਤ ਦੀ ਕਲਮ ਤੋਂ ਹੈ। ਮੰਟੋ ਦੀ ਇਹ ਸ਼ਾਹਕਾਰ ਕਹਾਣੀ ਵੀ ਵੱਧ ਤੋਂ ਵੱਧ ਲੋਕਾਂ ਤਕ ਪੁੱਜੀ ਪਰ ਇਹ ਕਹਿ ਸਕਦੇ ਹਾਂ ਕਿ ਇਹਦਾ ਨਾਟਕੀ ਰੂਪ ਉਨ੍ਹਾਂ ਲੋਕਾਂ ਤਕ ਪੁੱਜਿਆ, ਜਿਨ੍ਹਾਂ ਨੂੰ ਇਹ ਕਹਾਣੀ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਹੋਣਾ। 1987 ਦੀ ਪਹਿਲੀ ਮਈ ਪਲਸ ਮੰਚ ਦੇ ਨਾਟਕ ਮੇਲੇ 'ਤੇ ਇਸ ਨਾਟਕ ਦੀ ਪੇਸ਼ਕਾਰੀ 10 ਹਜ਼ਾਰ ਦਰਸ਼ਕਾਂ ਨੇ ਵੇਖੀ। ਜਦੋਂ ਪਾਕਿਸਤਾਨ ਤੇ ਹਿੰਦੋਸਤਾਨ ਬਣਿਆ ਤਾਂ ਲਾਹੌਰ ਦੇ ਪਾਗਲਖਾਨੇ ਵਿਚ ਹਿੰਦੂ-ਸਿੱਖ ਪਾਗਲਾਂ ਨੂੰ ਹਿੰਦੁਸਤਾਨ ਲਿਜਾਣ ਵੇਲੇ ਵਾਰਤਾਲਾਪ ਹੁੰਦੀ ਹੈ:

ਇੰਸਪੈਕਟਰ: ਕਿਉਂ ਬਚਨ ਸਿੰਘ ਤੂੰ ਹਿੰਦੋਸਤਾਨ ਵਿਚ ਨਹੀਂ ਜਾਣਾ?

ਬਚਨ ਸਿੰਘ: ਨਹੀਂ

ਇੰਸਪੈਕਟਰ: ਤਾ ਪਾਕਿਸਤਾਨ ਜਾਣਾ ਏ?

ਬਚਨ ਸਿੰਘ: ਨਹੀਂ

ਇੰਸਪੈਕਟਰ: ਫੇਰ ਕਿੱਥੇ ਜਾਣਾ ਈ?

ਬਚਨ ਸਿੰਘ: ਟੋਬਾ ਟੇਕ ਸਿੰਘ

ਇੰਸਪੈਕਟਰ: (ਕੁਝ ਦੇਰ ਸੋਚ ਕੇ) ਵੇਖ ਬਚਨ ਸਿੰਘ, ਟੋਬਾ ਟੇਕ ਸਿੰਘ ਕਿਸੇ ਦੇਸ਼ ਦਾ ਨਾਂ ਨਹੀਂ। ਸਾਡੇ ਕੋਲ ਇਸ ਵੇਲੇ ਸਿਰਫ ਦੋ ਦੇਸ਼ ਨੇ। ਇਕ ਦਾ ਨਾਂ ਏ ਪਾਕਿਸਤਾਨ ਤੇ ਦੂਜੇ ਦਾ ਨਾਂ ਏ ਹਿੰਦੋਸਤਾਨ।

ਬਚਨ ਸਿੰਘ: ਓਪੜ ਦੀ ਗੜਗੜ ਦੀ, ਬੇਧਿਆਨਿਆ ਦੀ, ਮੂੰਗੀ ਦੀ ਦਾਲ ਆਫ ਪਾਕਿਸਤਾਨ ਐਂਡ ਹਿੰਦੋਸਤਾਨ-ਦੋਵੇਂ ਫਿੱਟੇ ਮੂੰਹ। ਮੈਂ ਟੋਬਾ ਟੇਕ ਸਿੰਘ ਜਾਣਾ ਏ, ਸਿਰਫ ਟੋਬਾ ਟੇਕ ਸਿੰਘ।

ਬਚਨ ਸਿੰਘ ਦੀ ਇਸ ਵਾਰਤਾਲਾਪ ਵਿਚ ਪੰਜਾਬ ਦੀ ਵੰਡ ਦੀ ਤ੍ਰਾਸਦੀ ਦਾ ਨਿਚੋੜ ਹੈ। ਮੈਂ ਸੁਖਵੰਤ ਕੌਰ ਮਾਨ ਦੀ ਕਹਾਣੀ 'ਜਿੱਤ' ਪੜ੍ਹੀ ਤਾਂ ਇਸੇ ਤ੍ਰਾਸਦੀ ਦੀ ਪੀੜ ਮਹਿਸੂਸ ਕੀਤੀ। ਮੈਂ ਇਰਾਦਾ ਬਣਾਇਆ ਕਿ ਇਸ ਕਹਾਣੀ ਨੂੰ ਨਾਟਕ ਦੇ ਰੂਪ ਵਿਚ ਮੈਂ ਪੰਜਾਬ ਦੇ ਵੱਧ ਤੋਂ ਵੱਧ ਲੋਕਾਂ ਤਕ ਲੈ ਕੇ ਜਾਵਾਂਗਾ। ਦੋਨੋਂ ਪਾਸੇ ਦੇ ਹਾਕਮਾਂ ਦੀਆਂ ਆਪਣੀਆਂ ਲੜਾਈਆਂ ਅਤੇ ਮਜਬੂਰੀਆਂ ਹਨ। ਕਾਰਗਿਲ ਅਤੇ ਅਗਵਾ ਜਹਾਜ਼ ਨਫਰਤ ਦਾ ਕਾਰਨ ਬਣ ਰਿਹਾ ਹੈ। ਇਸ ਨਫਰਤ ਨੂੰ ਠੱਲ ਪੈਣੀ ਚਾਹੀਦੀ ਹੈ। ਦੋਨੋਂ ਪਾਸੇ ਦੇ ਪੰਜਾਬ ਦੇ ਲੋਕਾਂ ਦੀ ਇਹ ਜ਼ਰੂਰਤ ਹੈ।

ਇਸ ਨਾਟਕ ਦੀ ਕਹਾਣੀ ਆਪਸੀ ਵਿਸ਼ਵਾਸ ਦੀ ਕਹਾਣੀ ਹੈ। ਇਕ ਸਿੱਖ ਸਰਦਾਰ ਟੱਬਰ ਵੰਡ ਵੇਲੇ ਪਾਕਿਸਤਾਨ ਤੋਂ ਆਉਣ ਵੇਲੇ ਆਪਣੀਆਂ ਕੀਮਤੀ ਚੀਜ਼ਾਂ ਅਤੇ ਕੱਪੜਿਆਂ ਦੇ ਤਿੰਨ ਟਰੰਕ ਆਪਣੇ ਮਿਰਾਸੀਆਂ ਕੋਲ ਅਮਾਨਤ ਰੱਖ ਆਏ ਹਨ। ਉਨ੍ਹਾਂ ਦਾ ਖਿਆਲ ਸੀ ਕਿ ਰੌਲਾ-ਗੌਲਾ ਖਤਮ ਹੋਣ 'ਤੇ ਉਹ ਆਪਣੇ ਘਰ ਵਾਪਸ ਜਾਣਗੇ ਅਤੇ ਆਪਣੇ ਉਹ ਟਰੰਕ ਮਿਰਾਸੀਆਂ ਕੋਲੋਂ ਵਾਪਸ ਲੈ ਲੈਣਗੇ। ਇਕ ਯਕੀਨ ਹੈ ਕਿ ਮਿਰਾਸੀ ਅਮਾਨਤ ਵਿਚ ਖਿਆਨਤ ਨਹੀਂ ਕਰਨਗੇ। ਘਰ ਦੇ ਬਾਪੂ ਜੀ ਵਾਪਸ ਨਹੀਂ ਜਾ ਸਕੇ ਪਰ ਉਹ ਖ਼ਤਾਂ ਰਾਹੀਂ ਆਪਣੇ ਮਿਰਾਸੀਆਂ ਨਾਲ ਰਾਬਤਾ ਰੱਖਦੇ ਹਨ ਕਿ ਕਿਸੇ ਵੇਲੇ ਉਹ ਵੀਜ਼ਾ ਲਗਵਾ ਕੇ ਜਾਣਗੇ ਤੇ ਆਪਣੀ ਅਮਾਨਤ ਲੈ ਕੇ ਆਉਣਗੇ। ਖ਼ਤਾਂ ਦੇ ਜਵਾਬ ਨਹੀਂ ਆਂਦੇ। ਟਿਪਣੀ ਹੈ 'ਕੁੱਤੇ ਮਿਰਾਸੀ ਕੱਪੜਿਆਂ ਉਤੇ ਹੀ ਬੇਈਮਾਨ ਹੋ ਗਏ।' ਨਾਟਕ ਵਿਚ ਵਾਰ ਵਾਰ ਇਸ ਪ੍ਰਚਲਤ ਗੱਲ ਦਾ ਜ਼ਿਕਰ ਆਉਂਦਾ ਹੈ, 'ਮੁਸਲਮਾਨ, ਪਹਿਲੇ ਆਪਣੀ ਬਾਂਹ ਤੇਲ ਵਿਚ ਡਬੋਵੇ ਤੇ ਫੇਰ ਉਸ ਨੂੰ ਤਿਲਾਂ ਦੀ ਬੋਰੀ ਵਿਚ ਤੁੰਨ ਦੇਵੇ, ਜਿੰਨੇ ਤਿਲ ਬਾਂਹ ਨਾਲ ਲਗ ਜਾਣ, ਉਨੀਆਂ ਸੌਂਹਾਂ ਚੁੱਕੇ ਤਾਂ ਵੀ ਉਹਦਾ ਇਤਬਾਰ ਨਾ ਕਰੋ'' ਪਰ ਇਸ ਦੇ ਉਲਟ ਇਹ ਵੀ ਕਿਹਾ ਜਾਂਦਾ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫਕੀਰ ਨੇ ਰੱਖੀ ਸੀ।

ਨਾਟਕ ਦਾ ਪਿੜ ਹੈ ਕਿ ਮਿਰਾਸੀ ਅਲ੍ਹਾ ਰੱਖਾ ਸਗੋਂ ਵੀਜ਼ਾ ਲਗਵਾ ਕੇ ਆਪਣੇ ਜਜਮਾਨਾਂ ਨੂੰ ਮਿਲਣ ਹਿੰਦੋਸਤਾਨ ਆਇਆ ਹੈ। ਸਾਰੀ ਕਹਾਣੀ ਪਤਾ ਲਗਦੀ ਹੈ ਕਿ ਤਿੰਨ ਟਰੰਕਾਂ ਦੀ ਰਖਵਾਲੀ ਲਈ ਮਿਰਾਸੀਆਂ ਦੇ ਟੱਬਰ ਨੂੰ ਕੀ ਕੀ ਜਫਰ ਝੱਲਣੇ ਪਏ। ਲਹਿਣੋਂ ਮਿਰਾਸਣ ਤਾਂ ਇਸੇ ਗ਼ਮ ਵਿਚ ਹੀ ਚਲਾਣਾ ਕਰ ਗਈ ਕਿ ਉਹ ਆਪਣੇ ਸਰਦਾਰਾਂ ਦੀ ਦਿੱਤੀ ਅਮਾਨਤ ਨੂੰ ਪਾਕਿਸਤਾਨ ਦੇ ਹਾਕਮਾਂ ਦੀ ਭੇਜੀ ਹੋਈ ਪੁਲੀਸ ਕੋਲੋਂ ਨਾ ਬਚਾ ਸਕੀ। ਸਰਦਾਰਾਂ ਦੀਆਂ ਨੂੰਹਾਂ ਦੇ ਦਾਜ ਅਤੇ ਵਰੀ ਦੇ ਕੱਪੜੇ ਇਲਾਕੇ ਦੇ ਥਾਣੇਦਾਰ ਦੀ ਧੀ ਦਾ ਦਾਜ ਬਣ ਕੇ ਉਹਦੇ ਸਹੁਰਿਆਂ ਤਕ ਪੁੱਜ ਗਏ।

ਅਲ੍ਹਾ ਰੱਖਾ ਆਪਣੇ ਸਰਦਾਰਾਂ ਨੂੰ ਮਿਲਣ ਆਇਆ ਹੈ। ਸਰਦਾਰਾਂ ਦੇ ਬਾਅਦ ਪਿੰਡ ਵਿਚ ਕੀ ਕੀ ਹੋਇਆ ਹੈ, ਉਹ ਬਿਰਤਾਂਤ ਜਿਥੇ ਸਾਂਝੇ ਪੰਜਾਬ ਦੀ ਰਹਿਤਲ ਉਤੇ ਚਾਨਣਾ ਪਾਉਂਦਾ ਹੈ, ਉਥੇ ਇਸ ਇਤਿਹਾਸਕ ਤ੍ਰਾਸਦੀ ਨੂੰ ਇਕ ਬੜੇ ਹੀ ਦਰਦ ਪਰ ਰੌਚਿਕ ਤਰੀਕੇ ਨਾਲ ਪੇਸ਼ ਕਰਦਾ ਹੈ।

'ਸਰਦਾਰ ਜੀ, ਹੋਣੀ ਨੇ ਪਤਾ ਨਹੀਂ ਸਾਡੇ ਕੋਲੋਂ ਕਿਹੜੇ ਜਨਮਾਂ ਦੇ ਗੁਨਾਹਾਂ ਦਾ ਬਦਲਾ ਲਿਆ ਹੈ?'

ਨਾਟਕ ਦਾ ਸਿਖਰ ਹੈ ਕਿ ਵਾਪਸ ਤੁਰਨ ਵੇਲੇ ਘਰ ਦੀ ਸਰਦਾਰਨੀ ਅਲ੍ਹਾ ਰੱਖਾ ਨੂੰ ਉਹ ਦੋ ਸੂਟ ਦਿੰਦੀ ਹੈ, ਜੋ ਉਹਨੇ ਆਪਣੀ ਪੋਤਰੀ ਦੀ ਵਰੀ ਲਈ ਸਵਾਏ ਹਨ। ਅਲ੍ਹਾ ਰੱਖਾ ਦੀ ਧੀ ਦਾ ਵਿਆਹ ਹੈ।

'ਅਲ੍ਹਾ ਰੱਖਿਆ ਰੱਖ ਲੈ, ਲਹਿਣੋ ਦੀ ਪੋਤਰੀ ਵੀ ਤਾਂ ਮੇਰੀ ਹੀ ਪੋਤਰੀ ਏ'

ਇਹ ਕਹਾਣੀ ਤੇ ਇਸ ਦਾ ਨਾਟਕੀ ਰੂਪ ਤਾਂ ਹੀ ਹੋਂਦ ਵਿਚ ਆਇਆ ਹੈ ਕਿ ਨਫਰਤ ਦੇ ਤੂਫਾਨ ਸਾਂਝਾਂ ਦੇ ਰੁੱਖ ਨੂੰ ਜੜ੍ਹਾਂ ਤੋਂ ਨਾ ਉਖੇੜ ਸਕਣ। ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ?' ਵਿਚ ਆਤਮਜੀਤ ਬਚਨ ਸਿੰਘ ਦੇ ਮੂੰਹੋਂ ਆਖਰੀ ਵਾਰਤਾਲਾਪ ਬੁਲਵਾਂਦਾ ਹੈ: 'ਮੈਂ ਇਨ੍ਹਾਂ ਜੜ੍ਹਾਂ ਨੂੰ ਬਚਾਵਾਂਗਾ। ਮੈਂ ਧਰਤੀ ਪੁਟਾਂਗਾ ਤੇ ਦਰਖਤਾਂ ਦੀਆਂ ਜੜ੍ਹਾਂ ਨੂੰ ਆਖਾਂਗਾ ਕਿ ਤੁਸੀਂ ਉਪਰਲੀ ਕੱਟ ਵੱਢ ਤੋਂ ਨਾ ਡਰੋ। ਜੜ੍ਹ ਨੂੰ ਜੇਰਾ ਕਰਨਾ ਚਾਹੀਦਾ ਹੈ। ਟਾਹਣੀਆਂ ਜਿੰਨਾ ਮਰਜ਼ੀ ਭਿੜ ਪੈਣ, ਰੁੱਖਾਂ ਦੀਆਂ ਜੜ੍ਹਾਂ ਨਹੀਂ ਵੰਡੀਆਂ ਜਾ ਸਕਦੀਆਂ।' ਇਹੀ ਸੁਨੇਹਾ ਸੁਖਵੰਤ ਕੌਰ ਮਾਨ ਦੀ ਕਹਾਣੀ ਦਾ ਹੈ ਤੇ ਇਹੀ ਸੁਨੇਹਾ ਇਸ ਕਹਾਣੀ 'ਤੇ ਆਧਾਰਤ ਨਾਟਕ ਦਾ ਹੈ।